# ਪ੍ਰਧਾਨ ਮੰਤਰੀ ਦੀ ਯੂਏਈ ਦੇ ਰਾਸ਼ਟਰਪਤੀ ਨਾਲ ਮੁਲਾਕਾਤ

15 ਜੁਲਾਈ, 2023

ਪ੍ਰਧਾਨ ਮੰਤਰੀ ਨੇ 15 ਜੁਲਾਈ, 2023 ਨੂੰ ਅਬੂ ਧਾਬੀ ਵਿੱਚ ਯੂਏਈ ਦੇ ਰਾਸ਼ਟਰਪਤੀ ਅਤੇ ਅਬੂ ਧਾਬੀ ਦੇ ਸ਼ਾਸਕ ਐੱਚ.ਐੱਚ ਸ਼ੇਖ ਮੁਹੰਮਦ ਬਿਨ ਜ਼ਾਇਦ ਅਲ ਨਾਹਯਾਨ ਨਾਲ ਵਫ਼ਦ ਪੱਧਰੀ ਅਤੇ ਆਪਸੀ ਗੱਲਬਾਤ ਕੀਤੀ।

2. ਦੋਵਾਂ ਨੇਤਾਵਾਂ ਨੇ ਵਪਾਰ ਅਤੇ ਨਿਵੇਸ਼, ਫਿਨਟੈਕ, ਊਰਜਾ, ਨਵਿਆਉਣਯੋਗ, ਜਲਵਾਯੂ ਕਾਰਵਾਈ, ਉੱਚ ਸਿੱਖਿਆ ਅਤੇ ਲੋਕਾਂ ਨਾਲ ਲੋਕਾਂ ਦੇ ਸਬੰਧਾਂ ਸਮੇਤ ਦੁਵੱਲੀ ਸਾਂਝੇਦਾਰੀ ਦੇ ਵੱਖ-ਵੱਖ ਪਹਿਲੂਆਂ ਨੂੰ ਸ਼ਾਮਲ ਕਰਦੇ ਹੋਏ ਇੱਕ ਵਿਆਪਕ ਚਰਚਾ ਕੀਤੀ। ਇਸ ਵਿਚਾਰ-ਵਟਾਂਦਰੇ ਵਿੱਚ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦੇ ਵੀ ਸ਼ਾਮਲ ਸਨ।

3. ਦੋਵਾਂ ਨੇਤਾਵਾਂ ਦੀ ਹਾਜ਼ਰੀ ਵਿੱਚ ਤਿੰਨ ਮਹੱਤਵਪੂਰਨ ਦਸਤਾਵੇਜ਼ਾਂ ਦਾ ਅਦਾਨ-ਪ੍ਰਦਾਨ ਕੀਤਾ ਗਿਆ:

ਪਹਿਲਾ - ਆਰਬੀਆਈ ਅਤੇ ਯੂਏਈ ਸੈਂਟਰਲ ਬੈਂਕ ਵਿਚਕਾਰ ਅੰਤਰ-ਸਰਹੱਦੀ ਲੈਣ-ਦੇਣ ਲਈ ਸਥਾਨਕ ਮੁਦਰਾਵਾਂ (ਆਈਐੱਨਆਰ - ਏਈਡੀ) ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਢਾਂਚੇ ਦੀ ਸਥਾਪਨਾ ਸਬੰਧੀ ਸਮਝੌਤਾ

ਦੂਸਰਾ - ਆਰਬੀਆਈ ਅਤੇ ਯੂਏਈ ਸੈਂਟਰਲ ਬੈਂਕ ਵਿਚਕਾਰ ਉਨ੍ਹਾਂ ਦੇ ਭੁਗਤਾਨ ਅਤੇ ਮੈਸੇਜਿੰਗ ਪ੍ਰਣਾਲੀਆਂ ਨੂੰ ਆਪਸ ਵਿੱਚ ਜੋੜਨ ਲਈ ਦੁਵੱਲੇ ਸਹਿਯੋਗ ਲਈ ਸਮਝੌਤਾ

ਤੀਸਰਾ - ਯੂਏਈ ਦੇ ਆਬੂ ਧਾਬੀ ਵਿੱਚ ਆਈਆਈਟੀ ਦਿੱਲੀ ਦੀ ਸਥਾਪਨਾ ਸਬੰਧੀ ਯੋਜਨਾ ਬਣਾਉਣ ਲਈ ਭਾਰਤ ਦੇ ਸਿੱਖਿਆ ਮੰਤਰਾਲੇ, ਅਬੂ ਧਾਬੀ ਦੇ ਸਿੱਖਿਆ ਅਤੇ ਗਿਆਨ ਵਿਭਾਗ ਤੇ ਆਈਆਈਟੀ ਦਿੱਲੀ ਵਿਚਕਾਰ ਸਮਝੌਤਾ

4. ਇਸ ਮੀਟਿੰਗ ਤੋਂ ਬਾਅਦ ਇੱਕ ਸਾਂਝਾ ਬਿਆਨ ਜਾਰੀ ਕੀਤਾ ਗਿਆ। ਇਸ ਉਪਰੰਤ ਜਲਵਾਯੂ ਤਬਦੀਲੀ ਬਾਰੇ ਵੀ ਇੱਕ ਵੱਖਰਾ ਸਾਂਝਾ ਬਿਆਨ ਜਾਰੀ ਕੀਤਾ ਗਿਆ।

**ਅਬੂ ਧਾਬੀ**
**15 ਜੁਲਾਈ, 2023**